# PM to deliver keynote address at India Ideas Summit on 22 July

July 21, 2020

## ਪ੍ਰਧਾਨ ਮੰਤਰੀ 22 ਜੁਲਾਈ ਨੂੰ ਭਾਰਤ ਵਿਚਾਰ ਸ਼ਿਖਰ ਸੰਮੇਲਨ ਵਿੱਚ ਦੇਣਗੇ ਮੁੱਖ ਭਾਸ਼ਣ

21 ਜੁਲਾਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 22 ਜੁਲਾਈ ਨੂੰ ਭਾਰਤ ਵਿਚਾਰ ਸ਼ਿਖਰ ਸੰਮੇਲਨ ਵਿੱਚ ਮੁੱਖ ਭਾਸ਼ਣ ਦੇਣਗੇ।

ਇਸ ਸ਼ਿਖਰ ਸੰਮੇਲਨ ਦੀ ਮੇਜ਼ਬਾਨੀ ਅਮਰੀਕਾ-ਭਾਰਤ ਵਪਾਰ ਪਰਿਸ਼ਦ ਕਰ ਰਹੀ ਹੈ। ਇਸ ਸਾਲ ਕੌਂਸਲ ਦੇ ਹੋਂਦ ਵਿਚ ਆਉਣ ਦੀ 45ਵੀਂ ਵਰੇਗੰਢ ਹੈ। ਇਸ ਸਾਲ ਦੇ ਭਾਰਤ ਵਿਚਾਰ ਸ਼ਿਖਰ ਸੰਮੇਲਨ ਦਾ ਮੁੱਖ ਵਿਸ਼ਾ ਹੈ 'ਚੰਗੇਰੇ ਭਵਿੱਖ ਦੀ ਸਿਰਜਣਾ'।

ਇਸ ਵਰਚੁਅਲ ਸ਼ਿਖਰ ਸੰਮੇਲਨ ਵਿਚ ਉੱਚ ਪੱਧਰ ਦੇ ਭਾਰਤੀ ਅਤੇ ਅਮਰੀਕੀ ਸਰਕਾਰ ਦੇ ਨੀਤੀ ਨਿਰਮਾਤਾ, ਰਾਜ ਪੱਧਰੀ ਅਧਿਕਾਰੀ ਅਤੇ ਕਾਰੋਬਾਰ ਅਤੇ ਸਮਾਜ ਦੇ ਵਿਚਾਰਕ ਆਗੂ ਹਿੱਸਾ ਲੈਣਗੇ। ਸ਼ਿਖਰ ਸੰਮੇਲਨ ਦੇ ਹੋਰ ਪ੍ਰਮੁੱਖ ਬੁਲਾਰਿਆਂ ਵਿੱਚ ਹੋਰਨਾਂ ਤੋਂ ਛੁੱਟ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ, ਸੰਯੁਕਤ ਰਾਜ ਅਮਰੀਕਾ ਦੇ ਵਿਦੇਸ਼ ਮੰਤਰੀ ਸ੍ਰੀ ਮਾਈਕ ਪੋਮਪੀਓ, ਵਰਜੀਨੀਆ ਦੇ ਸੈਨੇਟਰ ਅਤੇ ਸੈਨੇਟ ਇੰਡੀਆ ਸਮੂਹ ਦੇ ਸਹਿ-ਪ੍ਰਧਾਨ ਸ੍ਰੀ ਮਾਰਕ ਵਾਰਨਰ, ਸੰਯੁਕਤ ਰਾਜ ਅਮਰੀਕਾ ਦੀ ਸਾਬਕਾ ਰਾਜਦੂਤ ਸ਼੍ਰੀਮਤੀ ਨਿੱਕੀ ਹੈਲੇ ਸ਼ਾਮਲ ਹੋਣਗੇ। ਇਸ ਸ਼ਿਖਰ ਸੰਮੇਲਨ 'ਚ ਭਾਰਤ-ਅਮਰੀਕਾ ਸਹਿਯੋਗ ਅਤੇ ਮਹਾਂਮਾਰੀ ਦੇ ਬਾਅਦ ਦੀ ਦੁਨੀਆ ਵਿਚ ਦੋਵਾਂ ਦੇਸ਼ਾਂ ਦੇ ਸਬੰਧਾਂ ਦੇ ਭਵਿੱਖ ਸਮੇਤ ਕਈ ਵਿਸ਼ਿਆਂ 'ਤੇ ਵਿਚਾਰ ਵਟਾਂਦਰੇ ਹੋਣਗੇ।

ਨਵੀਂ ਦਿੱਲੀ
21 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.